11-12-2024

ਅਜੀਤ

# ਸਿੱਖਿਆ ਬੋਰਡ ਵਲੋਂ ਪੀ ਟੈੱਟ ਦੇ ਪ੍ਰਸ਼ਨਾਂ ਦੀ ਉੱਤਰ ਕੁੰਜੀ ਵੈੱਬਸਾਈਟ 'ਤੇ ਅੱਪਲੋਡ

ਐੱਸ. ਏ. ਐੱਸ. ਨਗਰ, 10 ਦਸੰਬਰ (ਤਰਵਿੰਦਰ ਸਿੰਘ ਬੈਨੀਪਾਲ)-ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਦਸੰਬਰ ਨੂੰ ਕਰਵਾਈ ਗਈ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ (ਪੀ. ਟੈੱਟ) ਦੇ ਪ੍ਰਸ਼ਨਾਂ ਦੀ ਉੱਤਰ ਕੁੰਜੀ (ਪੇਪਰ-1 ਤੇ ਪੇਪਰ-2) ਅੱਜ 10 ਦਸੰਬਰ ਤੋਂ ਲੈ ਕੇ 15 ਦਸੰਬਰ ਦੇ ਸ਼ਾਮ ਦੇ 5 ਵਜੇ ਤੱਕ ਬੋਰਡ ਦੀ ਵੈੱਬਸਾਈਟ 'ਤੇ ਅੱਪਲੋਡ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਉਮੀਦਵਾਰ ਉੱਤਰ ਕੁੰਜੀ 'ਚ ਦਰਜ ਆਪਸ਼ਨ ਤੋਂ ਸੰਤੁਸ਼ਟ ਨਹੀਂ ਹੈ ਤਾਂ ਉਹ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਹ ਸ਼ਿਕਾਇਤ ਪੋਰਟਲ ਅੱਜ ਸ਼ਾਮ 5 ਵਜੇ ਤੋਂ ਲੈ ਕੇ 15 ਦਸੰਬਰ ਦੇ ਸ਼ਾਮ ਦੇ 5 ਵਜੇ ਤੱਕ ਖੁੱਲ੍ਹਾ ਰਹੇਗਾ ਤੇ ਤੈਅ ਸਮੇਂ ਤੋਂ ਬਾਅਦ ਕੋਈ ਵੀ ਸ਼ਿਕਾਇਤ ਨਹੀਂ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਿਕਾਇਤਾਂ ਕੇਵਲ ਪੋਰਟਲ ਰਾਹੀਂ ਹੀ ਪ੍ਰਵਾਨ ਕੀਤੀਆਂ ਜਾਣਗੀਆਂ ਅਤੇ ਸ਼ਿਕਾਇਤ ਅਪਲਾਈ ਕਰਨ ਲਈ ਜ਼ਰੂਰੀ ਹਦਾਇਤਾਂ ਤੇ ਫ਼ੀਸਾਂ ਦਾ ਵੇਰਵਾ ਵੈੱਬਸਾਈਟ pstet.pseb.ac.in <http://ac.in/> 'ਤੇ ਉਪਲੱਬਧ ਕਰਵਾ ਦਿੱਤਾ ਜਾਵੇਗਾ।

ਜਗਬਾਣੀ

# ਟੈੱਟ ਦੀ ਉੱਤਰ ਕੁੰਜੀ ਵੈੱਬਸਾਈਟ 'ਤੇ ਅਪਲੋਡ

ਮੋਹਾਲੀ, 10 ਦਸੰਬਰ (ਨਿਆਮੀਆਂ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸੰਬਰ-2024 'ਚ ਹੋਈ ਪੰਜਾਬ ਸਟੇਟ ਅਧਿਆਪਕ ਯੋਗਤਾ ਪ੍ਰੀਖਿਆ (ਪੀ. ਐੱਸ. ਟੀ. ਈ. ਟੀ.) ਦੀ ਉੱਤਰ ਕੁੰਜੀ (ਪੇਪਰ-1 ਅਤੇ ਪੇਪਰ-2) 15 ਦਸੰਬਰ ਸ਼ਾਮ 5 ਵਜੇ ਤੱਕ ਲਈ ਵੈਬ-ਸਾਈਟ http://pstet.pseb.ac.in 'ਤੇ ਅਪਲੋਡ ਕੀਤੀ ਗਈ ਹੈ। ਜੇ ਉਮੀਦਵਾਰ ਉੱਤਰ ਕੁੰਜੀ 'ਚ ਦਰਜ ਆਪਸ਼ਨ ਤੋਂ ਸੰਤੁਸ਼ਟ ਨਹੀਂ ਹੈ ਤਾਂ ਉਮੀਦਵਾਰ ਆਪਣੀ ਸ਼ਿਕਾਇਤ ਦਰਜ ਕਰ ਸਕਦਾ ਹੈ। ਇਹ ਸ਼ਿਕਾਇਤ ਪੋਰਟਲ 10 ਦਸੰਬਰ ਸ਼ਾਮ 5 ਵਜੇ ਤੋਂ 15 ਦਸੰਬਰ ਸ਼ਾਮ 5 ਵਜੇ ਤੱਕ ਖੁੱਲ੍ਹਾ ਰਹੇਗਾ। ਤੈਅ ਸਮੇਂ ਤੋਂ ਬਾਅਦ ਕੋਈ ਵੀ ਸ਼ਿਕਾਇਤ ਨਹੀਂ ਲਈ ਜਾਵੇਗੀ। ਸ਼ਿਕਾਇਤਾਂ ਕੇਵਲ ਪੋਰਟਲ ਰਾਹੀਂ ਹੀ ਸਵੀਕਾਰ ਕੀਤੀਆਂ ਜਾਣਗੀਆਂ। ਸ਼ਿਕਾਇਤਾਂ ਅਪਲਾਈ ਕਰਨ ਲਈ ਜ਼ਰੂਰੀ ਹਦਾਇਤਾਂ ਅਤੇ ਫੀਸਾਂ ਦਾ ਵੇਰਵਾ ਵੈੱਬਸਾਈਟ 'ਤੇ ਮੁਹੱਈਆ ਹੋਵੇਗਾ।

11-12-2024

ਰੋਜ਼ਾਨਾ ਸਪੋਕਸਮੈਨ

## ਸਿਖਿਆ ਬੋਰਡ ਵਲੋਂ ਪੀਐਸਟੀਈਟੀ ਪ੍ਰੀਖਿਆ ਦੀ ਉਤਰ ਕੁੰਜੀ ਜਾਰੀ

**ਐਸ.ਏ.ਐਸ ਨਗਰ, 10 ਦਸੰਬਰ (ਸਤਵਿੰਦਰ ਧੜਾਕ)** : ਪੰਜਾਬ ਸਕੂਲ ਸਿਖਿਆ ਬੋਰਡ ਨੇ ਦੰਸਬਰ-2024 ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ (ਪੀਐਸਟੀਈਟੀ) ਦੀ ਪ੍ਰੀਖਿਆ ਦੀ ਉਤਰ ਕੁੰਜੀ ਵੈੱਬਸਾਈਟ 'ਤੇ ਅਪਲੋਡ ਕਰ ਦਿਤੀ ਹੈ। ਇਹ ਪ੍ਰੀਖਿਆ 1 ਦਸੰਬਰ 2024 ਨੂੰ ਲਈ ਗਈ ਸੀ ਤੇ ਇਸ ਪ੍ਰੀਖਿਆ ਦੇ ਪੇਪਰ-1 ਅਤੇ ਪੇਪਰ-2 ਮਿਤੀ 10 ਦਸੰਬਰ 2024 ਸ਼ਾਮ 05:00 ਵਜੇ ਤੋਂ ਜਨਤਕ ਕਰ ਦਿਤੀ ਗਈ ਹੈ। ਬੋਰਡ ਅਧਿਕਾਰੀਆਂ ਨੇ ਹਦਾਇਤ ਕੀਤੀ ਹੈ ਕਿ ਜੇਕਰ ਉਮੀਦਵਾਰ ਉਤਰ ਕੁੰਜੀ ਵਿਚ ਦਰਜ ਵੇਰਵਿਆਂ ਤੋਂ ਅਸੰਤੁਸ਼ਟ ਹਨ ਤਾਂ ਅਪਣੀ ਸ਼ਿਕਾਇਤ ਦਰਜ ਕਰ ਸਕਦਾ ਹੈ। ਸ਼ਿਕਾਇਤ ਪੋਰਟਲ 10 ਦਸੰਬਰ ਸ਼ਾਮ 05:00 ਵਜੇ ਤੋਂ ਮਿਤੀ:15 ਦਸੰਬਰ 2024 ਸ਼ਾਮ 5:00 ਵਜੇ ਤਕ ਖੁਲ੍ਹਾ ਰਖਿਆ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਸ਼ਿਕਾਇਤ ਸਿਰਫ਼ ਪੋਰਟਲ 'ਤੇ ਹੀ ਤੈਅਸ਼ੁਦਾ ਫ਼ੀਸਾਂ ਦੇ ਭੁਗਤਾਨ ਮਗਰੋਂ ਹੀ ਪ੍ਰਾਪਤ ਹੋਣਗੀਆਂ।

ਪੰਜਾਬੀ ਜਾਗਰਣ

## ਪੀਐੱਸਟੈੱਟ ਦੀ ਉੱਤਰ ਕੁੰਜੀ ਦਾ ਸ਼ਡਿਊਲ ਜਾਰੀ

**ਜੀਐੱਸ ਸੰਧੂ, ਪੰਜਾਬੀ ਜਾਗਰਣ● ਐੱਸਏਐੱਸ ਨਗਰ :** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸੰਬਰ 2024 ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਦੀ ਪ੍ਰੀਖਿਆ 01 ਦਸੰਬਰ 2024 ਨੂੰ ਕੰਡਕਟ ਕਰਵਾਈ ਜਾ ਚੁੱਕੀ ਹੈ। ਇਸ ਪ੍ਰੀਖਿਆ ਦੇ ਪ੍ਰਸ਼ਨਾਂ ਪੇਪਰ-1 ਅਤੇ ਪੇਪਰ-2 ਦੀ ਉੱਤਰ ਕੁੰਜੀ 10 ਦਸੰਬਰ 2024 ਸ਼ਾਮ 05:00 ਵਜੇ ਤੋਂ 15 ਦਸੰਬਰ 2024 ਸ਼ਾਮ 5:00 ਵਜੇ ਤਕ ਲਈ ਵੈੱਬਸਾਈਟ http://pstet.pseb.ac.in 'ਤੇ ਅੱਪਲੋਡ ਕੀਤੀ ਗਈ ਹੈ। ਜੇਕਰ ਉਮੀਦਵਾਰ ਉੱਤਰ ਕੁੰਜੀ ਵਿਚ ਦਰਜ ਜਾਣਕਾਰੀ ਤੋਂ ਸੰਤੁਸ਼ਟ ਨਹੀਂ ਹੈ, ਤਾਂ ਉਮੀਦਵਾਰ ਸ਼ਿਕਾਇਤ ਦਰਜ ਕਰ ਸਕਦਾ ਹੈ। ਸ਼ਿਕਾਇਤ ਪੋਰਟਲ 'ਤੇ 10 ਦਸੰਬਰ 2024 ਸ਼ਾਮ 05:00 ਵਜੇ ਤੋਂ 15 ਦਸੰਬਰ 2024 ਸ਼ਾਮ 5:00 ਵਜੇ ਤਕ ਖੁੱਲ੍ਹਾ ਰਹੇਗਾ।